ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ
(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
(ਵੈਬਸਾਈਟ ਰਾਹੀਂ)

ਮੀਮੋ ਨੰ: 15/1-2020 ਕੋ (1)/2020 215867
ਮਿਤੀ. ੦੧.09.2020

**ਵਿਸ਼ਾ:** **ਵੱਖ ਵੱਖ ਵਿਭਾਗਾਂ ਅਧੀਨ ਦਿਵਿਆਂਗ ਕਰਮਚਾਰੀਆਂ /ਅਧਿਕਾਰੀਆਂ ਦੇ ਸੇਵਾ ਮਾਮਲਿਆਂ ਨਾਲ ਸਬੰਧਤ ਕੋਰਟ ਕੇਸਾਂ ਵਿੱਚ ਜਵਾਬ ਦਾਇਰ ਕਰਨ ਬਾਰੇ।**

ਹਵਾਲਾ: ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਡਿਸਏਬਲਿਟੀ ਸੈੱਲ) ਦਾ ਪੱਤਰ ਨੰ: SSWCD-14027/9/2020-1DC/1/59213/2020 ਮਿਤੀ 04.08.2020

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਸੁਪਰਡੰਟ ਕੋਆਰਡੀਨੇਸ਼ਨ

ਪਿੱ.ਅੰ. ਨੰ: ਉਕਤ ~~੦੧-੦੧-2020~~ 2020215868-2020215869 ਮਿਤੀ ੦੧.09.2020

ਉਤਾਰਾ ਹੇਠ ਲਿਖਿਆ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਆਰ.ਓ./ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਸਮੂਹ ਅਧਿਕਾਰੀ/ਸ਼ਾਖਾ ਮੁੱਖੀ, ਦਫਤਰ ਡੀ.ਪੀ.ਆਈ. (ਸੈਸਿ), ਪੰਜਾਬ।

ਸੁਪਰਡੰਟ ਕੋਆਰਡੀਨੇਸ਼ਨ

274008/2020/RECORD-DPISE



SSWCD-14027/9/2020-1DC/

1/59213/2020

ਪੰਜਾਬ ਸਰਕਾਰ

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ

(ਡਿਸਏਬਲਿਟੀ ਸੈੱਲ)

ਮਿਤੀ, ਚੰਡੀਗੜ੍ਹ: 04-08-2020

ਸੇਵਾ ਵਿਖੇ

1 ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ
2 ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ
3 ਰਾਜ ਦੇ ਸਮੂਹ ਡਿਪਟੀ ਕਮਿਸ਼ਨਰ
4 ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
5 ਰਾਜ ਦੇ ਸਮੂਹ ਜ਼ਿਲਾ ਅਤੇ ਸੈਸ਼ਨ ਜੱਜ
6 ਰਾਜ ਦੇ ਸਮੂਹ ਉਪ ਮੰਡਲ ਮੈਜਿਸਟ੍ਰੇਟ
7 ਰਾਜ ਦੇ ਸਮੂਹ ਬੋਰਡ/ਕਾਰਪੋਰੇਸ਼ਨਾ

14/8/2020

**ਵਿਸ਼ਾ:** **ਵੱਖ ਵੱਖ ਵਿਭਾਗਾਂ ਅਧੀਨ ਦਿਵਿਆਂਗ ਕਰਮਚਾਰੀਆਂ/ਅਧਿਕਾਰੀਆਂ ਦੇ ਸੇਵਾ ਮਾਮਲਿਆਂ ਨਾਲ ਸਬੰਧਤ ਕੋਰਟ ਕੇਸਾਂ ਵਿੱਚ ਜਵਾਬ ਦਾਇਰ ਕਰਨ ਬਾਰੇ।**

********

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਇਸ ਵਿਭਾਗ ਵੱਲੋ ਦਿਵਿਆਂਗਜਨਾਂ ਦੀ ਭਲਾਈ ਲਈ ਬਣੇ RPwD ACT, 2016 ਅਨੁਸਾਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਵਿਭਾਗ ਵਲੋ RPwD ACT, 2016 ਜਾਂ ਫਿਰ ਇਸ ਤੇ ਪਹਿਲਾਂ ਬਣੇ PwD ACT 1995 ਦੀਆਂ ਵੱਖ-ਵੱਖ ਧਾਰਾਵਾਂ ਨੂੰ ਦਿਵਿਆਂਗ ਵਿਅਕਤੀਆਂ ਦੀ ਭਲਾਈ ਲਈ ਰਾਜ ਵਿੱਚ ਵੱਖ-ਵੱਖ ਵਿਭਾਗਾਂ ਰਾਹੀਂ ਲਾਗੂ ਕਰਵਾਉਣ ਸਬੰਧੀ ਸਮੇਂ ਸਮੇਂ ਤੇ ਗਾਈਡ ਲਾਈਨਜ਼ ਜਾਰੀ ਕੀਤੀਆ ਗਈਆਂ ਹਨ ਅਤੇ ਉਨ੍ਹਾਂ ਨੂੰ ਮੋਨਿਟਰ ਕਰਨ ਲਈ ਸਰਕਾਰ ਵਲੋ ਇਸ ਵਿਭਾਗ ਨੂੰ ਨੋਡਲ ਵਿਭਾਗ ਘੋਸ਼ਿਤ ਕੀਤਾ ਗਿਆ ਹੈ। ਇਨ੍ਹਾਂ ਹਦਾਇਤਾਂ ਵਿੱਚ ਦਿਵਿਆਂਗ ਵਿਅਕਤੀਆਂ ਲਈ ਤਰੱਕੀ ਅਤੇ ਸਿੱਧੀ ਭਰਤੀ ਵਿੱਚ ਰਾਖਵੇਂਕਰਨ ਦੀ ਵਿਵਸਥਾ ਵੀ ਸ਼ਾਮਿਲ ਹੈ। RPwD ACT, 2016 ਰਾਜ ਵਿੱਚ ਲਾਗੂ ਹੋਣ ਉਪਰੰਤ ਪੰਜਾਬ ਰਾਜ ਵੱਲੋ RPwD ACT, 2016 ਵਿੱਚ ਕੀਤੇ ਗਏ ਉਪਬੰਧ ਦੀ ਰੋਸ਼ਨੀ ਵਿੱਚ ਦਿਵਿਆਂਗਜਨ ਵਿਅਕਤੀਆਂ ਲਈ ਸਿੱਧੀ ਅਤੇ ਤਰੱਕੀ ਲਈ ਕੀਤੇ ਗਏ 4% ਰਾਖਵੇਂਕਰਨ ਨੂੰ ਧਿਆਨ ਵਿੱਚ ਰੱਖਦੇ ਹੋਏ ਸਪੱਸ਼ਟ ਹਦਾਇਤਾਂ ਨੰ:1/1/2017-3ਡਸ/1588894/1 ਮਿਤੀ 03-10-2019 ਵੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

2. ਇਹ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੇ ਵੱਖ-ਵੱਖ ਵਿਭਾਗਾ ਵੱਲੋ ਸਿੱਧੀ ਭਰਤੀ ਅਤੇ ਤਰੱਕੀ ਦੇ ਕੇਸਾਂ ਵਿੱਚ ਰਾਖਵੇਂਕਰਨ ਨੂੰ ਸਹੀ ਤਰੀਕੇ ਨਾਲ ਲਾਗੂ ਨਾ ਕਰਨ ਕਾਰਣ, ਦਿਵਿਆਂਗਣਾਂ ਵੱਲੋ ਦਿੱਤੀਆਂ ਪ੍ਰਤੀ-ਬੇਨਤੀਆਂ ਦਾ ਵੀ ਵਿਭਾਗਾਂ ਵੱਲੋਂ ਨਿਪਟਾਰਾ ਨਾ ਕੀਤੇ ਜਾਣ ਤੇ ਉਨ੍ਹਾਂ ਨੂੰ ਆਪਣੇ ਹੱਕਾਂ ਦੀ ਮੰਗ ਲਈ ਅਦਾਲਤਾਂ ਤੱਕ ਪਹੁੰਚ ਕਰਨੀ ਪੈਂਦੀ ਹੈ। ਜਿਸ ਵਿੱਚ ਉਨ੍ਹਾ ਵੱਲੋਂ ਆਪਣੇ ਵਿਭਾਗਾ ਦੇ ਨਾਲ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੂੰ ਵੀ ਨੋਡਲ ਵਿਭਾਗ ਹੋਣ ਕਾਰਣ ਪਾਰਟੀ ਬਣਾਇਆ ਜਾਂਦਾ ਹੈ ਜਦੋਂ ਕਿ ਇਸ ਵਿਭਾਗ ਵੱਲੋਂ ਤਾਂ ਪਹਿਲਾਂ ਹੀ ਵੱਖ-2 ਵਿਭਾਗਾਂ ਨੂੰ ਇਨ੍ਹਾ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਲਈ ਲਿਖਿਆ ਜਾਂਦਾ ਹੈ ਅਤੇ ਇਨਾਂ ਹਦਾਇਤਾਂ ਅਨੁਸਾਰ ਹੀ ਵਿਭਾਗਾਂ ਵੱਲੋਂ ਭਰਤੀ ਅਤੇ ਤਰੱਕੀ ਦੇ ਕੇਸਾਂ ਤੇ ਕਾਰਵਾਈ ਕਰਨੀ ਹੁੰਦੀ ਹੈ।

P.T.O.

3 ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋ ਅਜਿਹੇ ਕੇਸਾਂ ਵਿੱਚ ਕੋਈ ਜਵਾਬ ਦਾਇਰ ਨਹੀਂ ਕੀਤਾ ਜਾਣਾ ਬਣਦਾ ਸਗੋਂ ਇਸ ਵਿਭਾਗ ਦੇ ਬਿਹਾਫ ਤੇ ਸਬੰਧਤ ਵਿਭਾਗ ਵੱਲੋਂ PwD Act 1995, RPwD Act 2016 ਅਤੇ ਇਸ ਸਬੰਧੀ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਜਵਾਬ ਦੇਣਾ ਹੁੰਦਾ ਹੈ। ਪ੍ਰੰਤੂ ਉਨ੍ਹਾ ਵਿਭਾਗਾਂ ਵੱਲੋਂ ਅਜਿਹਾ ਨਾ ਕਰਨ ਕਾਰਣ ਕਈ ਕੇਸਾਂ ਵਿੱਚ ਇਸ ਵਿਭਾਗ ਨੂੰ ਵੱਖਰੇ ਤੌਰ ਤੇ ਜਵਾਬਦਾਵਾ ਦਾਇਰ ਕਰਨਾ ਪੈਂਦਾ ਹੈ। ਜਿਸ ਨਾਲ ਵਿਭਾਗ ਦਾ ਸਮਾਂ ਨਸ਼ਟ ਹੁੰਦਾ ਹੈ। ਜਦੋਂ ਕਿ ਭਰਤੀ/ਤਰੱਕੀ ਪ੍ਰਕਿਰਿਆ ਦਾ ਕੰਮ ਕਰਦੇ ਸਮੇਂ ਸਬੰਧਤ ਵਿਭਾਗ ਵੱਲੋਂ ਇਸ ਵਿਭਾਗ ਦੇ ਨਿਯਮਾਂ/ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਹੁੰਦੀ ਹੈ, ਕਿਉਂਜੋ ਉਨ੍ਹਾਂ ਨੂੰ ਹੀ ਆਪਣੇ ਦਫ਼ਤਰ ਦੇ ਰਿਕਾਰਡ ਦੀ ਮੁਕੰਮਲ ਜਾਣਕਾਰੀ ਹੁੰਦੀ ਹੈ।

ਉਪਰੋਕਤ ਨੁਕਤਿਆ ਨੂੰ ਮੁੱਖ ਰੱਖਦੇ ਹੋਏ ਸਮੂਹ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਵਿਭਾਗਾਂ ਵਿੱਚ ਕੰਮ ਕਰ ਰਹੇ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਵੱਲੋਂ The Rights for Persons with Disabilities Act, 2016 ਵਿੱਚ ਕੀਤੇ ਗਏ ਉਪਬੰਧਾ ਅਨੁਸਾਰ ਭਰਤੀ ਅਤੇ ਤਰੱਕੀ ਨਾਲ ਸਬੰਧਤ ਦਾਇਰ ਕੀਤੇ ਕੋਰਟ ਕੇਸਾਂ (ਜਿਨ੍ਹਾਂ ਵਿੱਚ ਸਮਾਜਿਕ ਸੁਰਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੂੰ ਵੀ ਰਿਸਪੋਨਡੈਂਟ ਬਣਾਇਆ ਜਾਂਦਾ ਹੈ) ਵਿੱਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਰਿਸਪੋਨਡੈਂਟ) ਦੀ ਤਰਫੋ ਵੀ ਇਸ ਵਿਭਾਗ ਦੇ ਨਿਯਮਾਂ/ਹਦਾਇਤਾਂ ਅਨੁਸਾਰ ਜਵਾਬਦਾਵਾ ਮਾਨਯੋਗ ਅਦਾਲਤ ਵਿੱਚ ਦਾਇਰ ਕਰਵਾਉਣਾ ਯਕੀਨੀ ਬਣਾਇਆ ਜਾਵੇ ਜੀ।

ਇਹ ਹਦਾਇਤਾਂ ਸਮੱਰਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆ ਜਾਂਦੀਆਂ ਹਨ।

ਉਪ ਸਕੱਤਰ

ਇਸ ਦਾ ਇਕ ਉਤਾਰਾ ਸਮੂਹ ਵਿਸੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ

ਸੇਵਾ ਵਿਖੇ

ਸਮੂਹ ਵਿਸੇਸ਼ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪ: ਨੰ: SSWCD-14027/9/2020-1DC/ 660 ਮਿਤੀ, ਚੰਡੀਗੜ੍ਹ: 4/8/2020